## ਟੀ.ਬੀ. ਦਾ ਅਸਰ

***ਆਲਮੀ ਪੱਧਰ 'ਤੇ***

Tuberculosis ਜਾਂ TB (ਤਪਦਿਕ ਜਾਂ ਟੀ.ਬੀ.) ਦਾ ਆਲਮੀ ਪੱਧਰ 'ਤੇ ਸਿਹਤ ਦੀ ਬੜੀ ਅਹਿਮ ਸਮੱਸਿਆ ਬਣੇ ਰਹਿਣਾ ਜਾਰੀ ਹੈ। World Health Organization ਜਾਂ WHO (ਆਲਮੀ ਸਿਹਤ ਅਦਾਰਾ ਜਾਂ ਡਬਲਿਊ.ਐੱਚ.ਓ.) ਦਾ ਅੰਦਾਜ਼ਾ ਹੈ ਕਿ ਦੁਨੀਆਂ ਭਰ ਦੀ ਆਬਾਦੀ ਦਾ ਤੀਜਾ ਹਿੱਸਾ ਟੀ.ਬੀ. ਤੋਂ ਪੀੜਤ ਹੈ। ਹਰ ਵਰ੍ਹੇ ਛੂਤ ਨਾਲ ਫ਼ੈਲ ਸਕਣ ਵਾਲੀ ਟੀ.ਬੀ. ਦੇ 92 ਲੱਖ ਨਵੇਂ ਮਾਮਲੇ ਵੀ ਸਾਮ੍ਹਣੇ ਆਉਂਦੇ ਹਨ ਅਤੇ ਇਸ ਨਾਲ 15 ਲੱਖ ਜਾਨਾਂ ਜਾਂਦੀਆਂ ਹਨ।

***ਕੌਮੀ ਪੱਧਰ 'ਤੇ***

ਪਿਛਲੇ ਦੋ ਦਹਾਕਿਆਂ ਦੌਰਾਨ ਕਨੇਡਾ ਵਿੱਚ ਸਰਗਰਮ ਟੀ.ਬੀ. ਦੇ ਦਰਜ ਮਾਮਲਿਆਂ ਵਿੱਚ ਕਮੀ ਆਈ ਹੈ। ਪਰ 2004 ਵਿੱਚ ਹਾਲੇ ਵੀ ਕਨੇਡਾ ਵਿੱਚ 1,613 ਸਰਗਰਮ ਮਾਮਲਿਆਂ ਬਾਰੇ ਦੱਸਿਆ ਗਿਆ ਸੀ।

***ਸਥਾਨਕ ਪੱਧਰ 'ਤੇ***

ਔਸਤਨ, ਮਿਡਲਸੈਕਸ-ਲੰਡਨ ਵਿੱਚ ਹਰ ਵਰ੍ਹੇ ਟੀ.ਬੀ. ਦੇ 10 ਨਵੇਂ ਮਾਮਲੇ ਸਾਮ੍ਹਣੇ ਆਉਂਦੇ ਹਨ। ਸਾਡੇ ਇਲਾਕੇ ਵਿੱਚ ਟੀ.ਬੀ. ਦੇ ਅਜਿਹੇ ਮਾਮਲੇ ਵੀ ਸਾਮ੍ਹਣੇ ਆਏ ਹਨ ਜਿਨ੍ਹਾਂ 'ਤੇ ਦਵਾਵਾਂ ਦਾ ਅਸਰ ਨਹੀਂ ਹੁੰਦਾ।

## ਟੀ.ਬੀ. ਕੀ ਹੁੰਦੀ ਹੈ?

*Mycobacterium tuberculosis* (*ਮਾਇਓਬੈਕਟੀਰੀਅਮ ਟਿਊਬਰਕਲੋਸਿਸ*) ਨਾਮ ਦੇ ਕਿਟਾਣੂ ਟੀ.ਬੀ. ਪੈਦਾ ਕਰਦੇ ਹਨ। ਇਸ ਨਾਲ ਆਮ ਤੌਰ 'ਤੇ ਫ਼ੇਫੜਿਆਂ 'ਤੇ ਅਸਰ ਹੁੰਦਾ ਹੈ ਪਰ ਇਹ ਹੋਰ ਅੰਗਾਂ 'ਤੇ ਵੀ ਅਸਰ ਕਰ ਸਕਦੀ ਹੈ।

## ਟੀ.ਬੀ. ਫੈਲਦੀ ਕਿਵੇਂ ਹੈ?

ਟੀ.ਬੀ. ਉਦੋਂ ਫੈਲਦੀ ਹੈ ਜਦੋਂ ਛੂਤ ਵਾਲੀ ਟੀ.ਬੀ. ਤੋਂ ਪ੍ਰਭਾਵਤ ਕੋਈ ਰੋਗੀ ਖੰਘਦਾ, ਨਿੱਛ ਮਾਰਦਾ, ਜਾਂ ਗੱਲ ਕਰਦਾ ਹੈ ਅਤੇ ਕੋਈ ਹੋਰ ਵਿਅਕਤੀ ਉਸ ਦੇ ਕਿਟਾਣੂਆਂ ਨੂੰ ਸਾਹ ਰਾਹੀਂ ਆਪਣੇ ਫੇਫੜਿਆਂ ਵਿੱਚ ਖਿੱਚ ਲੈਂਦਾ ਹੈ।

**ਬਿਮਾਰੀ ਦੀ ਲਾਗ ਲੱਗਣ ਲਈ ਆਮ ਤੌਰ 'ਤੇ ਵਿਅਕਤੀ ਦਾ ਕਿਸੇ ਰੋਗੀ ਨਾਲ ਅਕਸਰ, ਅਤੇ ਲੰਮੇ ਸਮੇਂ ਲਈ ਸੰਪਰਕ ਰਹਿਣਾ ਚਾਹੀਦਾ ਹੈ।**

## ਬੇਅਸਰ ਟੀ.ਬੀ. ਕੀ ਹੁੰਦੀ ਹੈ?

ਮਹਿਜ਼ ਟੀ.ਬੀ. ਦੇ ਕਿਟਾਣੂ ਸਾਹ ਰਾਹੀਂ ਅੰਦਰ ਲੰਘਾ ਲੈਣ ਨਾਲ ਹੀ ਕੋਈ ਵਿਅਕਤੀ ਬਿਮਾਰ ਨਹੀਂ ਹੋ ਜਾਂਦਾ ਕਿਉਂਕਿ ਰੋਗ ਨਾਲ ਲੜਨ ਦੀ ਜਿਸਮ ਦੀ ਤਾਕਤ ਛੂਤ ਨੂੰ ਕਾਬੂ ਹੇਠ ਰੱਖਦੀ ਹੈ। ਜਿਸਮ ਵਿੱਚ ਕਿਟਾਣੂ ਜਿਉਂਦੇ ਪਰ ਬੇਅਸਰ ਰਹਿੰਦੇ ਹਨ। ਇਸ ਨੂੰ inactive (ਬੇਅਸਰ) ਟੀ.ਬੀ. ਜਾਂ ਟੀ.ਬੀ. ਦੀ ਛੂਤ ਜਾਂ latent (ਗੁੱਝੀ) ਟੀ.ਬੀ. ਵੀ ਕਿਹਾ ਜਾਂਦਾ ਹੈ। ਬੇਅਸਰ ਟੀ.ਬੀ. ਦੇ ਰੋਗੀ ਬਿਮਾਰ ਨਹੀਂ ਹੁੰਦੇ ਅਤੇ ਹੋਰਨਾ ਨੂੰ ਲਾਗ ਵੀ ਨਹੀਂ ਲਾ ਸਕਦੇ।

## ਸਰਗਰਮ ਟੀ.ਬੀ. ਕੀ ਹੁੰਦੀ ਹੈ?

ਜੇ ਕਿਸੇ ਵਿਅਕਤੀ ਦਾ ਜਿਸਮ ਟੀ.ਬੀ. ਦੇ ਕਿਟਾਣੂਆਂ ਨੂੰ ਫੈਲਣ ਤੋਂ ਰੋਕ ਨਾ ਸਕੇ ਤਾਂ ਉਸ ਨੂੰ ਸਰਗਰਮ ਟੀ.ਬੀ. ਹੋ ਜਾਵੇਗੀ।

ਅਲਾਮਤਾਂ ਹੋਣਗੀਆਂ:

- ਖੰਘ
- ਖੰਘ ਵਿੱਚ ਲਹੂ ਜਾਂ ਬਲਗ਼ਮ ਆਉਣੀ
- ਬੁਖ਼ਾਰ
- ਸੁੱਤਿਆਂ ਹੋਇਆਂ ਬਹੁਤ ਪਸੀਨਾ ਆਉਣਾ
- ਭਾਰ ਘਟਣਾ
- ਥਕਾਵਟ ਹੋਣਾ

ਸਰਗਰਮ ਟੀ.ਬੀ. ਨੂੰ ਛੂਤ ਵਾਲੀ ਮੰਨਿਆ ਜਾਂਦਾ ਹੈ ਜੇ ਇਹ ਫੇਫੜਿਆਂ ਜਾਂ ਸਾਹ ਨਾਲੀਆਂ ਤਕ ਚਲੀ ਜਾਵੇ। ਜੇ ਜਿਸਮ ਦੇ ਹੋਰ ਹਿੱਸਿਆਂ ਵਿੱਚ ਫੈਲੀ ਹੋਵੇ ਤਾਂ ਟੀ.ਬੀ. ਦੇ ਛੂਤ ਵਾਲੀ ਹੋਣ ਦੀ ਗੁੰਜਾਇਸ਼ ਨਹੀਂ ਹੁੰਦੀ।

## ਕੀ ਬੇਅਸਰ ਟੀ.ਬੀ. ਸਰਗਰਮ ਟੀ.ਬੀ. ਵਿੱਚ ਬਦਲ ਸਕਦੀ ਹੈ?

ਹਾਂ, ਬੇਅਸਰ ਟੀ.ਬੀ. ਵਾਲੇ ਲੋਕਾਂ ਵਿੱਚ ਟੀ.ਬੀ. ਸਰਗਰਮ ਟੀ.ਬੀ. ਵਿੱਚ ਬਦਲ ਸਕਦੀ ਹੈ ਜੇ ਉਨ੍ਹਾਂ ਦੇ ਜਿਸਮ ਦੀ ਰੋਗ ਨਾਲ ਲੜਨ ਦੀ ਕਾਬਲੀਅਤ ਕਿਟਾਣੂਆਂ ਨੂੰ ਵਧਣ ਤੋਂ ਰੋਕ ਨਾ ਸਕੇ। ਛੂਤ ਹੋਣ ਦੇ ਪਹਿਲੇ 2 ਸਾਲਾਂ ਦੇ ਵਿੱਚ-ਵਿੱਚ ਸਰਗਰਮ ਟੀ.ਬੀ. ਹੋਣ ਦਾ ਖ਼ਤਰਾ ਤਕਰੀਬਨ 5% ਰਹਿੰਦਾ ਹੈ। ਇਸ ਤੋਂ ਬਾਅਦ ਵਿਅਕਤੀ ਦੀ ਬਾਕੀ ਰਹਿੰਦੀ ਜ਼ਿੰਦਗੀ ਵਿੱਚ ਸਰਗਰਮ ਟੀ.ਬੀ. ਹੋਣ ਦਾ ਮੌਕਾ 5% ਹੁੰਦਾ ਹੈ।

## ਸਰਗਰਮ ਬਿਮਾਰੀ ਕਿਸ ਨੂੰ ਹੋ ਸਕਦੀ ਹੈ?

ਹੇਠ ਦੱਸੇ ਵਿਅਕਤੀਆਂ ਨੂੰ ਟੀ.ਬੀ. ਦੀ ਸਰਗਰਮ ਬਿਮਾਰੀ ਹੋਣ ਦੀ ਗੁੰਜਾਇਸ਼ ਵਧੇਰੇ ਜ਼ਿਆਦਾ ਹੁੰਦੀ ਹੈ: ਬਹੁਤੇ ਛੋਟੇ ਜਾਂ ਬਹੁਤੇ ਬਿਰਧ ਵਿਅਕਤੀ, ਜਿਨ੍ਹਾਂ ਨੂੰ ਤਣਾਅ ਬਹੁਤ ਜ਼ਿਆਦਾ ਹੋਵੇ ਅਤੇ ਵੱਖ-ਵੱਖ ਰੋਗਾਂ ਕਾਰਣ ਜਿਨ੍ਹਾਂ ਦੇ ਜਿਸਮ ਵਿੱਚ ਰੋਗ ਨਾਲ ਲੜ੍ਹਨ ਦੀ ਤਾਕਤ ਘੱਟ ਹੋਵੇ।

**ਸਿਹਤ ਯੂਨਿਟ ਵੱਲੋਂ ਸਰਗਰਮ ਟੀ.ਬੀ. ਦੇ ਸਾਰੇ ਮਾਮਲਿਆਂ ਦੀ ਮੁਕੰਮਲ ਤਫ਼ਤੀਸ਼ ਕੀਤੀ ਜਾਂਦੀ ਹੈ। ਜੋ ਵਿਅਕਤੀ ਨਿੱਗਰ ਹੱਦ ਤਕ ਨਸ਼ਰ ਹੋਏ ਹੋਣ, ਉਨ੍ਹਾਂ ਨੂੰ ਚਮੜੀ ਦਾ ਟੀ.ਬੀ. ਟੈਸਟ ਕਰਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ।**

## ਚਮੜੀ ਦਾ ਟੀ.ਬੀ. ਟੈਸਟ ਕੀ ਹੁੰਦਾ ਹੈ?

ਤੁਹਾਡੀ ਬਾਂਹ ਦੇ ਕੂਹਣੀ ਤੋਂ ਹੱਥ ਵੱਲ ਦੇ ਹਿੱਸੇ ਵਿੱਚ ਚਮੜੀ ਥੱਲੇ ਤਰਲ tuberculin (ਟਿਊਬਰਕਿਊਲਿਨ) ਪ੍ਰੋਟੀਨ ਦੀ ਥੋੜੀ ਜਿਹੀ ਮਿਕਦਾਰ ਟੀਕੇ ਰਾਹੀਂ ਲਾਈ ਜਾਂਦੀ ਹੈ। ਦੋ-ਤਿੰਨ ਦਿਨ ਬਾਅਦ ਤੁਸੀਂ ਆਪਣੀ ਬਾਂਹ ਦੀ ਜਾਂਚ ਲਈ ਵਾਪਸ ਜਾਂਦੇ ਹੋ ਅਤੇ ਜੇ ਕੋਈ ਪ੍ਰਤੀਕਿਰਿਆ ਹੋਈ ਹੋਵੇ ਤਾਂ ਇਹ ਮਾਪ ਲਈ ਜਾਂਦੀ ਹੈ। ਇੱਕ ਖਾਸ ਹੱਦ ਤੋਂ ਵੱਧ ਪ੍ਰਤੀਕਿਰਿਆ ਨੂੰ ਹੀ ਟੀ.ਬੀ. ਦੀ ਮੌਜੂਦਗੀ ਲਈ positive (ਸੂਚਕ) ਮੰਨਿਆ ਜਾਂਦਾ ਹੈ।

## ਚਮੜੀ ਦੇ ਟੈਸਟ ਦੇ ਸੂਚਕ ਹੋਣ ਦਾ ਕੀ ਮਤਲਬ ਹੈ?

ਪ੍ਰਤੀਕਿਰਿਆ ਸੂਚਕ ਹੋਣ ਦਾ ਅਰਥ ਹੈ ਕਿ ਜ਼ਿੰਦਗੀ ਦੇ ਕਿਸੇ ਮੁਕਾਮ ਦੌਰਾਨ ਟੀ.ਬੀ. ਦੇ ਕਿਟਾਣੂਆਂ ਦਾ ਤੁਹਾਡੇ 'ਤੇ ਅਸਰ ਰਿਹਾ ਸੀ। ਤੁਹਾਡੇ ਵਿੱਚ ਸਰਗਰਮ ਟੀ.ਬੀ. ਦੀ ਮੌਜੂਦਗੀ ਪਰਖ਼ਣ ਲਈ ਡਾਕਟਰ ਐਕਸ-ਰੇ ਅਤੇ ਬਲਗ਼ਮ ਦੇ ਨਮੂਨਿਆਂ ਦੀ ਜਾਂਚ ਵਰਗੇ ਹੋਰ ਟੈਸਟ ਕਰੇਗਾ। ਟੀ.ਬੀ. ਚਾਹੇ ਬੇਅਸਰ ਹੋਵੇ ਚਾਹੇ ਸਰਗਰਮ, ਦੋਵਾਂ ਨਾਲ ਹੀ ਸੂਚਕ ਪ੍ਰਤੀਕਿਰਿਆ ਹੋਵੇਗੀ।

**ਟੀ.ਬੀ. ਰੋਕੀ ਜਾ ਸਕਦੀ ਹੈ, ਇਸ ਨੂੰ ਠੱਲਿਆ ਜਾ ਸਕਦਾ ਹੈ ਅਤੇ ਇਸ ਦਾ ਇਲਾਜ ਹੋ ਸਕਦਾ ਹੈ।**

## ਇਲਾਜ

ਬਹੁਤੇ ਮਾਮਲਿਆਂ ਵਿੱਚ ਅਜਿਹੀਆਂ ਕਿਰਮਨਾਸ਼ਕ ਦਵਾਈਆਂ ਮੌਜੂਦ ਹਨ ਜਿਹੜੀਆਂ ਸਰਗਰਮ ਟੀ.ਬੀ. ਨੂੰ ਠੱਲ ਸਕਦੀਆਂ ਹਨ ਅਤੇ ਸਰਗਰਮ ਟੀ.ਬੀ. ਵਿਕਸਤ ਹੋਣ ਤੋਂ ਰੋਕ ਸਕਦੀਆਂ ਹਨ। ਟੀ.ਬੀ. ਦੇ ਉਪਚਾਰ ਲਈ ਸਭ ਤੋਂ ਵੱਧ ਪ੍ਰਚੱਲਤ ਦਵਾਵਾਂ ਵਿੱਚ Isoniazid (INH), Pyrazinamide (PZA), Rifampin ਅਤੇ Ethambutol ਹਨ। ਜੇ ਤੁਹਾਨੂੰ ਸਰਗਰਮ ਟੀ.ਬੀ. ਹੈ ਤਾਂ ਤੁਹਾਡਾ ਡਾਕਟਰ prophylaxis ਨਾਮ ਦੀ ਦਵਾ ਦੀ ਸਿਫਾਰਸ਼ ਵੀ ਕਰ ਸਕਦਾ ਹੈ ਜਿਸ ਨਾਲ ਬੇਅਸਰ ਟੀ.ਬੀ. ਦੇ ਸਰਗਰਮ ਟੀ.ਬੀ. ਬਣਨ ਦੀ ਗੁੰਜਾਇਸ਼ ਘਟ ਜਾਵੇਗੀ।

**ਓਨਟੇਰੀਓ ਵਿੱਚ ਟੀ.ਬੀ. ਦੀਆਂ ਸਾਰੀਆਂ ਦਵਾਵਾਂ ਮੁਫ਼ਤ ਮਿਲਦੀਆਂ ਹਨ। ਤੁਹਾਡਾ ਡਾਕਟਰ ਇਨ੍ਹਾਂ ਦਵਾਵਾਂ ਨੂੰ ਸਿਹਤ ਯੂਨਿਟ ਤੋਂ ਮੰਗਵਾ ਸਕਦਾ ਹੈ।**

## ਇੱਕੋ ਵੇਲ਼ੇ ਐੱਚ.ਆਈ.ਵੀ. ਤੇ ਟੀ.ਬੀ. ਹੋਣਾ

ਐੱਚ.ਆਈ.ਵੀ. ਇੱਕ ਅਜਿਹਾ ਵਿਸ਼ਾਣੂ ਹੈ ਜਿਹੜਾ ਬਿਮਾਰੀ ਨਾਲ ਲੜਨ ਦੀ ਸਰੀਰ ਦੀ ਤਾਕਤ ਘਟਾ ਦਿੰਦਾ ਹੈ ਜਿਸ ਨਾਲ ਟੀ.ਬੀ. ਦੀ ਛੂਤ ਕਾਬੂ ਕਰਨਾ ਔਖਾ ਹੋ ਜਾਂਦਾ ਹੈ। ਦੁਨੀਆਂ ਭਰ ਵਿੱਚ ਐੱਚ.ਆਈ.ਵੀ. ਵਾਲੇ ਵਿਅਕਤੀਆਂ ਦੀ ਮੌਤ ਦਾ ਮੁੱਖ ਕਾਰਣ ਟੀ.ਬੀ. ਹੈ। ਇਸ ਲਈ ਟੀ.ਬੀ. ਅਤੇ ਐੱਚ.ਆਈ.ਵੀ. ਤੋਂ ਪ੍ਰਭਾਵਤ ਵਿਅਕਤੀਆਂ ਨੂੰ ਸਿੱਖਿਅਤ ਕਰਨ ਅਤੇ ਜਲਦ ਤੋਂ ਜਲਦ ਉਨ੍ਹਾਂ ਦਾ ਇਲਾਜ ਕੀਤੇ ਜਾਣ ਦੀ ਲੋੜ ਹੁੰਦੀ ਹੈ।

## ਦਵਾ ਦਾ ਅਸਰ ਨਾ ਕਬੂਲਣ ਵਾਲੀ ਟੀ.ਬੀ.

ਦਵਾਵਾਂ ਦਾ ਅਸਰ ਨਾ ਕਬੂਲਣ ਵਾਲੀ ਟੀ.ਬੀ. ਉੱਤੇ ਬਹੁਤੇ ਪ੍ਰਚੱਲਤ ਇਲਾਜਾਂ ਦਾ ਅਸਰ ਨਹੀਂ ਹੁੰਦਾ। ਜਦੋਂ ਸਰਗਰਮ ਟੀ.ਬੀ. ਵਾਲਾ ਕੋਈ ਵਿਅਕਤੀ ਆਪਣੀਆਂ ਟੀ.ਬੀ. ਦੀਆਂ ਦਵਾਈਆਂ ਸਹੀ ਤਰੀਕੇ ਨਾਲ ਨਾ ਲਵੇ ਤਾਂ ਟੀ.ਬੀ. ਦੇ ਕਿਰਮਾਂ 'ਤੇ ਦਵਾਵਾਂ ਦਾ ਅਸਰ ਹੋਣੋ ਹਟ ਸਕਦਾ ਹੈ। ਨਤੀਜੇ ਵਜੋਂ ਇਹ ਵਿਅਕਤੀ ਦਵਾ ਦਾ ਅਸਰ ਨਾ ਮੰਨਣ ਵਾਲੇ ਕਿਟਾਣੂਆਂ ਨੂੰ ਹੋਰਨਾਂ ਤਕ ਫੈਲਾ ਸਕਦਾ ਹੈ। ਦੁਨੀਆਂ ਭਰ ਵਿੱਚ ਦਵਾਵਾਂ ਦਾ ਅਸਰ ਨਾ ਮੰਨਣ ਵਾਲੀ ਵੱਖੋ-ਵੱਖਰੇ ਪੱਧਰਾਂ ਦੀ ਟੀ.ਬੀ. ਮੌਜੂਦ ਹੈ। ਇਸ ਵਿੱਚੋਂ ਕੁੱਝ ਦਾ ਇਲਾਜ ਕਰਨਾ ਬਹੁਤ ਔਖਾ ਹੋ ਸਕਦਾ ਹੈ। ਇਸ ਲਈ ਦੱਸੇ ਮੁਤਾਬਕ ਸਭ ਦਵਾਈਆਂ ਲੈਣਾ ਬਹੁਤ ਜ਼ਰੂਰੀ ਹੈ।

MIDDLESEX-LONDON HEALTH UNIT

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**
**The Infectious Disease Control Team**
**Middlesex-London Health Unit**
**519-663-5317 ext. 2330.**

## ਸਾਧਨ

Stop TB Partnership
(ਟੀ.ਬੀ. ਰੋਕਣ ਸੰਬੰਧੀ ਭਾਈਵਾਲੀ)
**www.stoptb.org**
World Health Organization
(ਸਿਹਤ ਬਾਰੇ ਆਲਮੀ ਅਦਾਰਾ)
**www.who.int/en/**
Public Health Agency of Canada
(ਜਨਤਕ ਸਿਹਤ ਬਾਰੇ ਕਨੇਡਾ ਦੀ ਏਜੰਸੀ)
**www.publichealth.gc.ca**
Canadian Lung Association
(ਫੇਫੜਿਆਂ ਨਾਲ ਸੰਬੰਧਤ ਕਨੇਡਾ ਦਾ ਅਦਾਰਾ)
**www.lung.ca**
AIDS Committee of London
(ਲੰਡਨ ਦੀ ਏਡਜ਼ ਕਮੇਟੀ)
**www.aidslondon.com**

**Middlesex-London Health Unit**
50 King St., London, ON N6A 5L7
tel: (519) 663 - 5317 • fax: (519) 663 - 9581
health@mlhu.on.ca

Strathroy Office - Kenwick Mall
51 Front St. E., Strathroy ON N7G 1Y5
tel: (519) 245 - 3230 • fax: (519) 245 - 4772

An Accredited Teaching Health Unit

MIDDLESEX-LONDON HEALTH UNIT

# ਤਪਦਿਕ

## ਸਿਰਫ਼ ਪਹਿਲੇ ਜ਼ਮਾਨਿਆਂ ਦਾ ਕੋਈ ਰੋਗ ਨਹੀਂ ਹੁੰਦਾ



## ਤੱਥ

**www.healthunit.com**